# Office of the WorkCover OMBUDSMAN South Australia

WorkCover Ombudsman* ਦਾ ਦਫਤਰ ਉਨ੍ਹਾਂ ਜ਼ਖਮੀ ਕਾਮਿਆਂ ਅਤੇ ਮਾਲਕਾਂ ਨੂੰ ਮੁਫਤ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਵਰਕ ਕਵਰ ਸਕੀਮ ਦੀਆਂ ਸੇਵਾਵਾਂ ਬਾਰੇ ਕੋਈ ਸ਼ਿਕਾਇਤ ਹੋਵੇ।

ਇਹ ਇਕ ਅਜ਼ਾਦ ਦਫਤਰ ਹੈ ਜਿਹੜਾ ਵਰਕ ਕਵਰ ਸਕੀਮ ਦੀਆਂ ਕਾਰਵਾਈਆਂ ਬਾਰੇ ਸ਼ਿਕਾਇਤਾਂ ਦੀ ਜਾਂਚ ਕਰ ਕੇ ਉਸ ਸਕੀਮ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਇੰਡੱਸਟਰਿਅਲ ਰੀਲੇਸ਼ਨਜ਼ ਮੰਤਰੀ ਕੋਲ ਰੀਪੋਟ ਪੇਸ਼ ਕਰਦਾ ਹੈ।

ਤੁਸੀਂ WorkCover Ombudsman ਦੇ ਦਫਤਰ ਨਾਲ ਸੰਪਰਕ ਇਸ ਤਰ੍ਹਾਂ ਕਰ ਸਕਦੇ ਹੋ:

| | |
|---|---|
| **ਟੈਲੀਫੋਨ** | 1800 195 202 (**ਮੁਫਤ ਕਾਲ**) |
| **ਫੈਕਸ** | (08) 8204 2169 |
| **ਈਮੇਲ** | owo@saugov.sa.gov.au |
| **ਸੜਕ ਦਾ ਪਤਾ** | Level 6, Chesser House<br>91-97 Grenfell St ADELAIDE SA |
| **ਮੇਲ** | GPO Box 2343 ADELAIDE SA 5001 |
| **DX** | DX 56201 ADELAIDE |

ਜੇ ਤੁਸੀਂ ਦਫਤਰ ਦੇ ਕਿਸੇ ਕਰਮਚਾਰੀ ਨੂੰ ਮਿਲ ਕੇ ਉਸ ਨਾਲ ਗਲ ਬਾਤ ਕਰਨੀ ਚਾਹੋ, ਤਾਂ ਕ੍ਰਿਪਾ ਕਰਕੇ ਪਹਿਲਾਂ WorkCover Ombudsman ਦੇ ਦਫਤਰ ਟੈਲੀਫੋਨ ਕਰਕੇ ਮਿਲਣ ਦਾ ਸਮਾਂ ਨਿਯੁਕਤ ਕਰੋ।

## WorkCover Ombudsman ਦਾ ਕੰਮ ਹੈ:

- ਕਾਮਿਆਂ, ਮਾਲਕਾਂ ਅਤੇ ਹੋਰਨਾਂ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਤੋਂ WorkCover Scheme ਵਲੋਂ ਪ੍ਰਦਾਨ ਕੀਤੀਆਂ ਸੇਵਾਵਾਂ ਦੇ ਤੌਰ-ਤਰੀਕਿਆਂ ਬਾਰੇ ਸ਼ਿਕਾਇਤਾਂ ਪ੍ਰਵਾਨ ਕਰਨੀਆਂ ਅਤੇ ਜਾਂਚ ਕਰਨ ਬਾਅਦ ਉਨ੍ਹਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨੀ।
- ਜ਼ਖਮੀ ਹੋਏ ਕਾਮਿਆਂ ਦੇ ਮੁੜ ਵਸੇਬੇ ਅਤੇ ਉਨ੍ਹਾਂ ਦੀ ਕੰਮ ਤੇ ਵਾਪਸੀ ਨਾਲ ਸਬੰਧਿਤ ਸਮੱਸਿਆਵਾਂ ਦੀ ਜਾਂਚ ਕਰਨੀ; ਮਿਸਾਲ ਵਜੋਂ, ਮਾਲਕਾਂ ਦੀਆਂ ਜ਼ਿੰਮੇਵਾਰੀਆਂ, ਮੁੜ ਵਸੇਬੇ ਲਈ ਸੇਵਾਵਾਂ ਪ੍ਰਦਾਨ ਕਰਨੀਆਂ, ਗੁੱਪਤਪਾ ਦੀ ਉਲੰਘਣਾ, ਜਾਣਕਾਰੀ ਪ੍ਰਦਾਨ ਕਰਨੀ ਆਦਿ।
- ਜ਼ਖਮੀ ਕਾਮਿਆਂ ਦੀ ਹਫਤਾਵਾਰੀ ਅਦਾਇਗੀ ਬੰਦ ਕੀਤੇ ਜਾਣ ਦੇ ਫੈਂਸਲੇ ਤੇ ਮੁੜ ਗੌਰ ਕਰਨਾ
- *Workers Rehabilitation and Compensation Act 1986* ਦੀਆਂ ਕਾਰਵਾਈਆਂ ਅਤੇ ਪ੍ਰਸ਼ਾਸਨ ਤੋਂ ਉਠ ਰਹੇ ਮਸਲਿਆਂ ਦੀ ਪਹਿਚਾਣ ਕਰਨੀ।
- WorkCoverSA ਅਤੇ ਮਾਲਕਾਂ ਨੂੰ ਆਪਣੀਆਂ ਸ਼ਿਕਾਇਤਾਂ ਆਪੇ ਨਜਿੱਠਣ ਦੇ ਤੌਰ ਤਰੀਕੇ ਸਥਾਪਿਤ ਕਰਨ ਵਿਚ ਸਹਾਇਤਾ ਕਰਨੀ।

*ਨੋਟ: ਜੇ ਤੁਹਾਡੀ ਕੋਈ ਸ਼ਿਕਾਇਤ ਹੈ, ਤਾਂ ਅਸੀਂ ਤੁਹਡੇ ਕੋਲੋਂ ਇਹ ਮੰਗ ਹੀ ਕਰਦੇ ਹਾਂ ਕਿ ਆਪਣੀ ਸ਼ਿਕਾਇਤ ਨੂੰ WorkCover Ombudsman ਦੇ ਦਫਤਰ ਹਵਾਲੇ ਕਰਨ ਤੋਂ ਪਹਿਲਾਂ ਤੁਸੀਂ ਉਸ ਵਿਅੱਕਤੀ ਜਾਂ ਸੰਗਠਨ ਨਾਲ ਇਸ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰੋ।*

ਜੇ ਤੁਸੀਂ WorkCover Ombudsman ਦੇ ਦਫਤਰ ਨਾਲ ਆਪਣੀ ਭਾਸ਼ਾ ਵਿਚ ਗਲਬਾਤ ਕਰਨੀ ਚਾਹੋ, ਤਾਂ ਕ੍ਰਿਪਾ ਕਰਕੇ ਇੰਟਰਪ੍ਰੈਟਿੰਗ ਐਂਡ ਟਰਾਂਸਲੇਟਿੰਗ ਸਰਵਿਸ ਨੂੰ (08) 8226 1990 ਤੇ ਫੋਨ ਕਰਕੇ ਦੁਭਾਸ਼ੀਏ ਨੂੰ Ombudsman ਦੇ ਦਫਤਰ 1800 195 202 (ਮੁਫਤ ਕਾਲ) ਤੇ ਸੰਪਰਕ ਕਰਨ ਲਈ ਕਹੋ। ਇਹ ਦੁਭਾਸ਼ਿਆਈ ਸੇਵਾ ਤੁਹਾਡੇ ਲਈ ਮੁਫਤ ਹੈ।

* *ਲੋਕਪਾਲ ਉਹ ਵਿਅੱਕਤੀ ਹੁੰਦਾ ਹੈ ਜਿਸ ਨੂੰ ਸ਼ਿਕਾਇਤਾਂ ਦੀ ਜਾਂਚ ਕਰਨ ਲਈ ਨਿਯੁਕਤ ਕੀਤਾ ਗਿਆ ਜਾਂਦਾ ਹੈ।*